# ਦਫ਼ਤਰ ਕਮਿਸ਼ਨਰ ਪੁਲਿਸ, ਅੰਮ੍ਰਿਤਸਰ।

ਮੁਕੱਦਮਾਂ ਨੰਬਰ 65 ਮਿਤੀ 28-04-16 ਜੁਰਮ 21-22-27-ਏ-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੰਟੋਨਮੈਂਟ, ਅੰਮ੍ਰਿਤਸਰ।

ਬਨਾਮ:- 1) ਸ਼ਿੰਗਾਰਾ ਸਿੰਘ ਉਰਫ ਬਾਬਾ (ਪੀ.ਪੀ./ਐੱਚ.ਸੀ ਜੇਲ ਵਿਭਾਗ ਕੇਂਦਰੀ ਜੇਲ, ਅੰਮ੍ਰਿਤਸਰ) ਪੁੱਤਰ ਜਗੀਰ ਸਿੰਘ ਕੋਮ ਜੱਟ ਵਾਸੀ ਪਿੰਡ ਸੋੜੀਆਂ, ਥਾਣਾ ਲੋਪੋਕੇ, ਅੰਮ੍ਰਿਤਸਰ।

2) ਬੋਬੀ ਉਰਫ ਥਾਪਾ ਪੁੱਤਰ ਰਣ ਬਹਾਦਰ ਕੋਮ ਨੇਪਾਲੀ ਵਾਸੀ ਮਕਾਨ ਨੰਬਰ 15, ਗਲੀ ਨੰਬਰ 3, ਸੇਵਾ ਨਗਰ, ਰਾਮ ਤੀਰਥ ਰੋਡ, ਅੰਮ੍ਰਿਤਸਰ।

**ਬ੍ਰਾਮਦਗੀ:-** 1) ਸ਼ਿੰਗਾਰਾ ਸਿੰਘ ਉਰਫ ਬਾਬਾ (ਪੀ.ਪੀ./ਐੱਚ.ਸੀ ਜੇਲ ਵਿਭਾਗ ਕੇਂਦਰੀ ਜੇਲ, ਅੰਮ੍ਰਿਤਸਰ) ਪਾਸੋਂ 7 ਗ੍ਰਾਮ ਹਿਰੋਇੰਨ ਤੇ 44 ਹਜ਼ਾਰ ਰੁਪਏ ਨਗਦ

2) ਬੋਬੀ ਉਰਫ ਥਾਪਾ ਪਾਸੋਂ 10 ਗ੍ਰਾਮ ਹਿਰੋਇੰਨ ਤੇ 200 ਰੁਪਏ

**ਕੁੱਲ ਬ੍ਰਾਮਦਗੀ** = 17 ਗ੍ਰਾਮ ਹਿਰੋਇੰਨ, 44,200/- ਰੁਪਏ ਤੇ ਇੱਕ ਐਕਟਿਵਾ ਸਕੂਟਰ ਨੰਬਰੀ ਪੀ.ਬੀ.02-ਬੀ.ਐਕਸ.1031

ਸ਼੍ਰੀ ਅਮਰ ਸਿੰਘ ਚਾਹਲ, ਆਈ.ਪੀ.ਐੱਸ. ਮਾਣਯੋਗ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਸ਼ਹਿਰ ਜੀ ਵੱਲੋਂ ਨਸ਼ਾ ਵਿਰੋਧੀ ਅਨਸਰਾਂ, ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤੇ ਸ਼੍ਰੀ ਕੁਲਜੀਤ ਸਿੰਘ ਪੀ.ਪੀ.ਐੱਸ. ਏ.ਡੀ.ਸੀ.ਪੀ./ ਸਪੈਸ਼ਲ ਸੈੱਲ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਉਸ ਵੇਲੇ ਸਫਲਤਾ ਮਿਲੀ ਜਦੋਂ ਐਸ.ਆਈ ਅਵਤਾਰ ਸਿੰਘ ਇੰਚਾਰਜ਼ ਸਪੈਸ਼ਲ ਸਟਾਫ ਨੇ ਸਮੇਤ ਸਾਥੀ ਕ੍ਰਮਚਾਰੀਆਂ ਦੇ ਗਸ਼ਤ ਦੋਰਾਨ ਪਲਾਹ ਸਾਹਿਬ ਰੋਡ, ਅੰਮ੍ਰਿਤਸਰ ਨੂੰ ਜਾ ਰਹੇ ਸੀ ਜਿੱਥੇ ਦੋਸ਼ੀਆਨ ਸ਼ਿੰਗਾਰਾ ਸਿੰਘ ਤੇ ਬੋਬੀ ਉਰਫ ਥਾਪਾ ਪਲਾਹ ਸਾਹਿਬ ਰੋਡ, ਅੰਮ੍ਰਿਤਸਰ ਵੱਲੋਂ ਸਮੇਤ ਐਕਟਿਵਾ ਨੰਬਰੀ ਪੀ.ਬੀ.02-ਬੀ.ਐਕਸ-1031 ਅਜਨਾਲਾ ਰੋਡ ਨੂੰ ਆ ਰਹੇ ਸੀ। ਜੋ ਪੁਲਿਸ ਪਾਰਟੀ ਨੂੰ ਵੇਖ ਕੇ ਯਕਦਮ ਪਿੱਛੇ ਨੂੰ ਮੁੜਨ ਲ਼ੱਗੇ ਤਾਂ ਸੜਕ ਖਰਾਬ ਹੋਣ ਕਰਕੇ ਐਕਟਿਵਾ ਦੇ ਡਿੱਗਣ ਕਾਰਨ ਦੋਨੋ ਜਾਣੇ ਵੀ ਡਿੱਗ ਪਏ। ਜੋ ਪੁਲਿਸ ਪਾਰਟੀ ਨੇ ਦੋਹਾਂ ਦੀ ਤਲਾਸ਼ੀ ਕਰਨ ਤੇ ਸ਼ਿੰਗਾਰਾ ਸਿੰਘ ਉਰਫ ਬਾਬਾ (ਜੇਲ ਪੁਲਿਸ ਮੁਲਾਜਿਮ) ਪਾਸੋਂ 7 ਗ੍ਰਾਮ ਹਿਰੋਇੰਨ ਤੇ 44 ਹਜ਼ਾਰ ਰੁਪਏ ਨਗਦ ਤੇ ਬੋਬੀ ਉਰਫ ਥਾਪਾ ਪਾਸੋਂ 10 ਗ੍ਰਾਮ ਹਿਰੋਇੰਨ ਤੇ 200 ਰੁਪਏ (ਕੁੱਲ 17 ਗ੍ਰਾਮ ਹਿਰੋਇੰਨ ਅਤੇ 44,200/-ਰੁਪਏ) ਨਗਦ ਬ੍ਰਾਮਦ ਕੀਤੇ। ਜੋ ਪੁਛਗਿੱਛ ਦੋਰਾਨ ਦੋਸ਼ੀ ਸ਼ਿੰਗਾਰਾ ਸਿੰਘ ਨੇ ਮੰਨਿਆ ਕਿ ਉਹ ਜੇਲ ਪੁਲਿਸ ਵਿੱਚ ਮੁਲਾਜਿਮ ਹੈ ਅਤੇ ਜੇਲ ਅੰਦਰ ਬੰਦ ਕੈਦੀ ਸੁਖਚੈਨ ਸਿੰਘ ਉਰਫ ਸੋਨੂੰ ਵਾਸੀ ਫਿਰੋਜਪੁਰ ਨੂੰ ਮੋਬਾਇਲ ਫੋਨ ਤੇ ਹਿਰੋਇੰਨ ਸਮੇਂ-ਸਮੇਂ ਸਿਰ ਪਾਹੁੰਚਾਉਂਦਾ ਰਿਹਾ ਹੈ। ਜਿਸ ਦੇ ਬਦਲੇ ਉਸ ਨੂੰ ਪੈਸੇ ਮਿਲਦੇ ਹਨ। ਜੋ ਇੱਕ ਮੋਬਾਇਲ ਫੋਨ ਜੇਲ ਅਧਿਕਾਰੀਆਂ ਵੱਲੋਂ ਸੁਖਚੈਨ ਸਿੰਘ ਉਰਫ ਸੋਨੂੰ ਕੋਲੋਂ ਜੇਲ ਅੰਦਰੋਂ ਬ੍ਰਾਮਦ ਕੀਤਾ ਜਾ ਚੁੱਕਾ ਹੈ, ਜਿਸ ਸਬੰਧੀ ਥਾਣਾ ਕੰਟੋਨਮੈਂਟ ਵਿਖੇ ਵੱਖਰਾ ਮੁਕੱਦਮਾਂ ਨੰਬਰ 66 ਮਿਤੀ 29-04-16 ਜੁਰਮ 420 ਭ:ਦ: 42 ਜੇਲ ਐਕਟ ਥਾਣਾ ਕੰਟੋਨਮੈਂਟ ਵਿਖੇ ਦਰਜ਼ ਕੀਤਾ ਗਿਆ ਹੈ। ਸ਼ਿੰਗਾਰਾ ਸਿੰਘ ਨੇ ਪੁੱਛ ਗਿੱਛ ਦੋਰਾਨ ਇਹ ਮੰਨਿਆ ਕਿ ਉਸ ਨੇ ਕੁੱਝ ਹਿਰੋਇੰਨ ਜੇਲ ਵਿੱਚ ਸੁਖਚੈਨ ਸਿੰਘ ਉਰਫ ਸੋਨੂੰ ਨੂੰ ਸਪਲਾਈ ਕੀਤੀ ਹੈ। ਜੋ ਇਹ ਹਿਰੋਇੰਨ ਬੋਬੀ ਉਰਫ ਥਾਪਾ ਅਤੇ ਅੰਕੁਸ਼ ਅਤੇ ਰਾਹੁਲ ਨਾਮ ਦੇ ਲੜਕੇ ਨੇ ਗੜਗਾਉਂ ਤੋਂ ਲਿਆ ਕੇ ਦਿੱਤੀ ਹੈ। ਜੋ ਕੁੱਝ ਹਿਰੋਇੰਨ ਇਹਨਾਂ ਪਾਸੋਂ ਬ੍ਰਾਮਦ ਹੋ ਚੁੱਕੀ ਹੈ। ਬੋਬੀ ਉਰਫ ਥਾਪਾ ਨੂੰ ਵੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਜੋ ਦੋਸ਼ੀ ਰਾਹੁਲ ਤੇ ਅੰਕੁਸ਼ ਨੂੰ ਗ੍ਰਿਫਤਾਰੀ ਤੋਂ ਡਰਦੇ ਮਾਰੇ ਅਗਾਂਹ ਪਿਛਾਂਹ ਹੋਏ ਹਨ।

# <u>ਦਫ਼ਤਰ ਕਮਿਸ਼ਨਰ ਪੁਲਿਸ, ਅੰਮ੍ਰਿਤਸਰ।</u>

ਮੁੱਕਦਮਾ ਨੰਬਰ 62 ਮਿਤੀ 27-04-2016 ਜੁਰਮ 420,465,468,471,120-B IPC, 3/4/7/13 (1)The Punjab Prevention of Human Smuggling Act 2002, ਥਾਣਾ ਬੀ ਡਵੀਜਨ, ਅੰਮ੍ਰਿਤਸਰ।

ਗ੍ਰਿਫ਼ਤਾਰ ਦੋਸ਼ੀ:- 1. ਗੁਰਮੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਛੀਨਾ ਬਿਧੀ ਚੰਦ ਜਿਲ੍ਹਾ ਤਰਨ ਤਾਰਨ। (ਗ੍ਰਿਫ਼ਤਾਰ ਮਿਤੀ 27-04-2016)

2. ਦਵਿੰਦਰ ਸਿੰਘ ਉਰਫ ਬੰਟੀ ਪੁੱਤਰ ਜਗਜੀਤ ਸਿੰਘ ਵਾਸੀ ਮਕਾਨ ਨੰ: 230 ਰਾਣਾ ਗਾਰਡਨ ਕਲੋਨੀ ਅੰਮ੍ਰਿਤਸਰ।(ਗ੍ਰਿਫ਼ਤਾਰ ਮਿਤੀ 28-04-2016)

ਭਗੋੜਾ:- 3. ਸਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਜਹਾਂਗੀਰ, ਅੰਮ੍ਰਿਤਸਰ ਦਿਹਾਤੀ।

ਬ੍ਰਾਮਦਗੀ:- 1. 157 Original Passports
2. ਜਾਅਲੀ ਤਿਆਰ ਕੀਤੇ ਵਰਕ ਪਰਮਿਟ ਅਤੇ ਜਾਅਲੀ ਕਾਗਜਾਤ।
3. One Computer, Color Printer, One CPU, Keyboard

ਵਕੂਆ ਦਾ ਸਥਾਨ:- ਨਿਊ ਅੰਮ੍ਰਿਤਸਰ ਵਿਖੇ ਚੱਲ ਰਹੇ WINGS ENTERPRISES.

ਸ੍ਰੀ ਅਮਰ ਸਿੰਘ ਚਾਹਲ IPS, ਮਾਨਯੋਗ ਕਮਿਸ਼ਨਰ ਪੁਲਿਸ ਅਮ੍ਰਿਤਸਰ ਸ਼ਹਿਰ ਅਤੇ ਸ਼੍ਰੀ ਜੇ. ਇਲਨਚੇਲੀਅਨ IPS , DCP, AMRITSAR ਵੱਲੋ ਦਿੱਤੇ ਗਏ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਸ੍ਰੀ ਲਖਵੀਰ ਸਿੰਘ, ਪੀ.ਪੀ.ਐਸ, ਏ.ਡੀ.ਸੀ.ਪੀ/ਕਰਾਇਮ, ਅੰਮ੍ਰਿਤਸਰ ਜੇਰੇ ਨਿਗਰਾਨੀ ਪੰਜਾਬ ਅਤੇ ਨੇੜਲੇ ਰਾਜਾਂ ਤੋ ਬੇਰੋਜਗਾਰ ਅਤੇ ਭੋਲੇ-ਭਾਲੇ ਨੋਜਵਾਨਾਂ ਨੂੰ ਬਾਹਰਲੇ ਮੁਲਕ ਭੇਜਣ ਅਤੇ ਪੈਸੇ ਕਮਾਉਣ ਦਾ ਸੁਨਹਿਰਾ ਸੁਪਨਾ ਵਿਖਾ ਕੇ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਆਪਣੇ ਜਾਲ ਵਿਚ ਫਸਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਕਰਦਿਆ ਮੁੱਖ ਅਫਸਰ ਥਾਣਾ ਬੀ ਡਵੀਜਨ ਅੰਮ੍ਰਿਤਸਰ ਸਮੇਤ ਪੁਲਿਸ ਪਾਰਟੀ ਨਿਊ ਅੰਮ੍ਰਿਤਸਰ ਵਿਖੇ ਚੱਲ ਰਹੇ WINGS ENTERPRISES ਦੇ ਨਾਮ ਦਫਤਰ ਤੇ ਰੇਡ ਕੀਤਾ ਗਿਆ।

ਜਿਥੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਅਤੇ ਹੋਰ ਸੂਬਿਆਂ ਦੇ ਲੜਕੇ ਬੈਠੇ ਹੋਏ ਸਨ। ਜਿਨ੍ਹਾਂ ਨੂੰ ਪੁੱਛਣ ਤੇ ਦੱਸਿਆ ਕਿ ਸਾਨੂੰ WINGS ENTERPRISES ਨੂੰ ਚਲਾਉਣ ਵਾਲੇ ਗੁਰਮੀਤ ਸਿੰਘ ਅਤੇ ਸਨਦੀਪ ਨਾਂਮ ਦੇ ਵਿਅਕਤੀਆਂ ਨੇ ਉਹਨਾਂ ਨੂੰ ਬਾਹਰ ਵਿਦੇਸ਼ ਭੇਜਣ ਦੇ ਨਾਮ ਤੇ ਪਾਸਪੋਰਟ ਅਤੇ ਕੁਝ ਰਕਮ ਲਈ ਹੋਈ ਹੈ।ਜਿਨਾ ਨੇ ਉਹਨਾਂ ਨੂੰ ਹੁਣ ਤੱਕ ਨਾ ਤੇ ਵਿਦੇਸ਼ ਭੇਜਿਆ ਹੈ ਤੇ ਨਾਂ ਹੀ ਰਕਮ ਅਤੇ ਪਾਸਪੋਰਟ ਵਾਪਿਸ ਕਰ ਰਹੇ ਹਨ। ਜਿਸ ਤੇ ਉਕਤ ਦਫਤਰ ਵਿਚ ਮੋਜੂਦ ਗੁਰਮੀਤ ਸਿੰਘ ਨੂੰ ਪੁਛਿਆ ਗਿਆ ਜਿਸ ਨੇ ਮੰਨਿਆ ਕਿ ਉਸ ਵੱਲੋ ਕਿਸੇ ਨੂੰ ਵੀ ਅਜੇ ਤੱਕ ਬਾਹਰ ਵਿਦੇਸ਼ ਨਹੀ ਭੇਜਿਆ ਹੈ। ਉਹ ਸਾਰਾ ਕੁਝ ਜਾਅਲੀ ਤਰੀਕੇ ਨਾਲ ਕਰ ਰਿਹਾ ਹੈ ਅਤੇ ਨਾਂਹ ਹੀ ਉਸ ਵੱਲੋ ਮੌਕਾ ਤੇ ਕੋਈ ਰਜਿਸਟਰੇਸ਼ਨ/ਲਾਈਸੰਸ

ਦਿਖਾਇਆ ਗਿਆ। **ਜਿਸਤੇ ਸੋਨੂੰ ਸ਼ਾਹ ਪੁੱਤਰ ਸ਼ੰਭੂ ਸ਼ਾਹ ਵਾਸੀ ਹਰਿਆਣਾ** ਵੱਲੋ ਦਿੱਤੀ ਗਈ ਦਰਖਾਸਤ ਤੇ ਉਕਤ ਮੁਕੱਦਮਾਂ ਦਰਜ ਰਜਿਸਟਰ ਕੀਤਾ ਗਿਆ ਅਤੇ ਦੋਸ਼ੀ ਗੁਰਮੀਤ ਸਿੰਘ ਨੂੰ ਮਿਤੀ 27-04-2016 ਨੂੰ ਗ੍ਰਿਫਤਾਰ ਕਰਨ ਤੋ ਬਾਅਦ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਿਲ ਕੀਤਾ ਗਿਆ ਹੈ।

ਜਿਸ ਦੀ ਡੂੰਘਾਈ ਨਾਲ ਪੁੱਛਗਿੱਛ ਕਰਨ ਤੇ ਉਸ ਨੇ ਦੱਸਿਆ ਕੇ ਉਹ **ਜਾਅਲੀ ਵਰਕ ਪਰਮਿਟ ਤਿਆਰ ਕਰਕੇ 20,000 ਰੁਪਏ ਦੇ ਕਰੀਬ ਲੈਂਦਾ ਸੀ ਅਤੇ ਬਾਕੀ ਰਹਿੰਦਾ ਸਾਰਾ ਕੰਮ ਮੁਕੰਮਲ ਹੋ ਜਾਣ ਤੋ ਬਾਅਦ 50,000 ਰੁਪਏ ਲੈਣ ਲਈ ਲੜਕਿਆਂ ਨੂੰ ਕਹਿੰਦਾ ਸੀ। ਇਹ ਸਾਰੇ ਜਾਅਲੀ ਕਾਗਜਾਤ ਦਵਿੰਦਰ ਸਿੰਘ ਉਰਫ ਬੰਟੀ ਪਾਸੋ ਤਿਆਰ ਕਰਵਾਉਦਾ ਹੈ। ਜਿਸ ਦੀ ਦੁਕਾਨ ਮਹਿਤਾ ਰੋਡ ਮਕਬੂਲਪੁਰਾ ਵਿਖੇ ਹੈ।**

ਗੁਰਮੀਤ ਸਿੰਘ ਦੀ ਪੁੱਛਗਿੱਛ ਤੇ ਇਸ ਪਾਸੋ 157 Original Passports ਅਤੇ ਜਾਅਲੀ ਤਿਆਰ ਕੀਤੇ ਵਰਕ ਪਰਮਿਟ ਬ੍ਰਾਮਦ ਕੀਤੇ ਗਏ। ਜਿਸ ਤੇ ਦਵਿੰਦਰ ਸਿੰਘ ਉਰਫ ਬੰਟੀ ਪੁੱਤਰ ਜਗਜੀਤ ਸਿੰਘ ਵਾਸੀ ਮਕਾਨ ਨੰ: 230 ਰਾਣਾ ਗਾਰਡਨ ਕਲੋਨੀ ਅੰਮ੍ਰਿਤਸਰ ਜੋ ਜਾਅਲੀ ਵਰਕ ਪਰਮਿਟ ਅਤੇ ਹੋਰ ਜਾਅਲੀ ਕਾਗਜਾਤ ਤਿਆਰ ਕਰਕੇ ਲੋਕਾਂ ਨਾਲ ਧੋਖਾਧੜੀ ਕਰਨ ਵਿਚ ਗੁਰਮੀਤ ਸਿੰਘ ਦੇ ਨਾਲ ਸ਼ਾਮਿਲ ਸੀ ਨੂੰ ਮਿਤੀ 28-04-2016 ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋ One Computer, Color Printer, One CPU, Keyboard ਸਮੇਤ ਕੁਝ ਹੋਰ ਜਾਅਲੀ ਕਾਗਜਾਤ ਬ੍ਰਾਮਦ ਕੀਤੇ ਗਏ। ਜਿਹਨਾਂ ਦੀ ਡੂੰਘਾਈ ਨਾਲ ਜਾਂਚ ਚੱਲ ਰਹੀ ਹੈ।ਇਸ ਗਿਰੋਹ ਦੇ ਹੋਰ ਵੀ ਮੈਬਰਾਂ ਸਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਜਹਾਂਗੀਰ, ਅੰਮ੍ਰਿਤਸਰ ਦਿਹਾਤੀ ਜੋ ਕਿ ਭਗੋੜਾ ਹੈ ਆਦਿ ਨੂੰ ਗ੍ਰਿਫਤਾਰ ਕਰਨ ਲਈ ਰੇਡ ਕੀਤੇ ਜਾ ਰਹੇ ਹਨ।

<u>ਦਫ਼ਤਰ ਕਮਿਸ਼ਨਰ ਪੁਲਿਸ, ਅੰਮ੍ਰਿਤਸਰ।</u>

**ਹਥਿਆਰਾ ਦੀ ਨੋਕ ਤੇ ਗੱਡੀਆ ਅਤੇ ਸੋਨਾ ਜੇਵਰਾਤ ਖੋਹਣ ਵਾਲਾ ਗੈਗ ਕਾਬੂ 3 ਗ੍ਰਿਫਤਾਰ ਇੱਕ ਫਰਾਰ ਇੱਕ ਪਿਸਤੌਲ 12 ਬੋਰ, 2 ਕਾਰਤੂਸ, ਦਾਤਰ, ਕੋਹਾੜੀ, ਖੋਹੀ ਹੋਈ ਕਾਰ, ਐਪਲ ਮੋਬਾਇਲ ਬ੍ਰਾਮਦ।**

**ਮੁਕੱਦਮਾ ਨੰਬਰ 117 ਮਿਤੀ 15-4-16 ਜੁਰਮ 379-ਬੀ,506,34 ਭ ਦ ਥਾਣਾ ਸਿਵਲ ਲਾਇਨ, ਅੰਮ੍ਰਿਤਸਰ।**

**ਗਿਫ਼ਤਾਰ ਦੋਸ਼ੀ:-** 1. ਅਮ੍ਰਿਤਪਾਲ ਸਿੰਘ ਉਰਫ ਲਾਲ ਪੁੱਤਰ ਵੀਰ ਸਿੰਘ ਕੌਮ ਜੱਟ ਵਾਸੀ ਖਡੂਰ ਸਾਹਿਬ ਤਰਨ ਤਾਰਨ।

2. ਜਗਦੀਪ ਸਿੰਘ ਉਰਫ ਸੁੰਢੀ ਪੁੱਤਰ ਲਖਬੀਰ ਸਿੰਘ ਵਾਸੀ ਖਡੂਰ ਸਾਹਿਬ ਤਰਨ ਤਾਰਨ ।

3. ਸਿਮਰਨਜੋਤ ਸਿੰਘ ਉਰਫ ਬੋਦੂ ਪੁੱਤਰ ਕੁਲਵਿੰਦਰ ਸਿੰਘ ਜੱਟ ਵਾਸੀ ਖਡੂਰ ਸਾਹਿਬ ਤਰਨ ਤਾਰਨ।

**ਭਗੋੜਾ:-** 4. ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਖਸੀਸ ਸਿੰਘ ਵਾਸੀ ਨਾਗੋਕੇ ਤਰਨ ਤਾਰਨ ।

**ਬ੍ਰਾਮਦਗੀ :-**
1. ਇੱਕ ਕਾਰ ਸਵਿਫਟ (ਖੋਹ ਕੀਤੀ)
2. ਇੱਕ ਮੋਬਾਇਲ ਫੋਨ ਐਪਲ-6,
3. ਇੱਕ ਪਿਸਤੌਲ 12 ਬੋਰ, 2 ਕਾਰਤੂਸ 12 ਬੋਰ
4. ਇੱਕ ਦਾਤਰ,ਇੱਕ ਕੋਹਾੜੀ।

**ਵਕੂਆ ਦਾ ਸਥਾਨ:-** ਗੁਰਦੁਆਰਾ ਸਾਹਿਬ ਦੀ ਬੈਕ ਸਾਈਡ ਏ-ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ।

ਮਾਨਯੋਗ ਸ੍ਰੀ ਅਮਰ ਸਿੰਘ ਚਾਹਲ, IPS ਕਮਿਸਨਰ ਪੁਲਿਸ ਅਮ੍ਰਿਤਸਰ ਜੀ ਅਤੇ ਸ੍ਰੀ ਜੇ ਇਲਨਚੇਲੀਅਨ, IPS, ਡਿਪਟੀ ਕਮਿਸਨਰ ਪੁਲਿਸ, ਅਮ੍ਰਿਤਸਰ ਜੀ ਦੇ ਦਿਸਾ ਨਿਰਦੇਸਾ ਅਨੁਸਾਰ ਜੇਰ ਨਿਗਰਾਨੀ ਸ੍ਰੀ ਗੌਰਵ ਗਰਗ, IPS, ਵਧੀਕ ਡਿਪਟੀ ਕਮਿਸਨਰ ਸਿਟੀ-2, ਸ੍ਰੀ ਗੁਰਨਾਮ ਸਿੰਘ, PPS, ਸਹਾਇਕ ਕਮਿਸਨਰ ਪੁਲਿਸ ਉਤਰੀ, ਅੰਮ੍ਰਿਤਸਰ ਅਤੇ ਇੰਸਪੈਕਟਰ ਸੁਖਵਿੰਦਰ ਸਿੰਘ ਰੰਧਾਵਾ ਮੁੱਖ ਅਫਸਰ ਥਾਣਾ ਸਿਵਲ ਲਾਇਨ ਅਮ੍ਰਿਤਸਰ ਅਤੇ ਏ ਐਸ ਆਈ ਸਤਨਾਮ ਸਿੰਘ ਨੂੰ ਉਸ ਵੇਲੇ ਭਾਰੀ ਸਫਲਤਾ ਮਿਲੀ ਜਦੋ ਉਕਤ ਮੁਕੱਦਮਾਂ ਬਰ ਬਿਆਨ ਮੋਹਿਤ ਗੁਪਤਾ ਪੁੱਤਰ ਬਲੇਦਵ ਕਿਸਨ ਗੁਪਤਾ, ਵਾਸੀ 3 ਈ-ਰਤਨ ਚੰਦ ਰੋਡ, ਮਾਲ ਰੋਡ,ਅਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ ਕਿ ਉਹ ਮਿਤੀ 15-04-2016 ਨੂੰ ਸਾਮ ਨੂੰ ਚਿਮਨਆ ਮੰਦਰ ਰਣਜੀਤ ਐਵੀਨਿਊ ਮੱਥਾ ਟੇਕ ਕੇ ਮੰਦਰ ਦੇ ਬਾਹਰ ਆਪਣੀ ਕਾਰ ਸਵਿਫਟ ਨੰਬਰ PB-02-CA-6786 ਰੰਗ ਚਿੱਟਾ ਵਿੱਚ ਬੈਠਾ ਸੀ ਤਾ ਇੰਨੇ ਨੂੰ 2 ਸਰਦਾਰ ਨੌਜਵਾਨ ਜਿੰਨਾ ਦੀ ਉਮਰ 30/35 ਸਾਲ ਸੀ, ਉਸਦੀ ਕਾਰ ਵਿੱਚ ਜਬਰਦਸਤੀ ਵੜ ਗਏ ਤੇ ਇੱਕ ਨੇ ਦਾਤਰ ਉਸਦੀ ਗਰਦਨ ਤੇ ਰੱਖ ਦਿੱਤਾ ਮਾਰ ਦੇਣ ਦੀ ਧਮਕੀ ਦੇ ਕੇ ਉਸਨੂੰ ਕਾਰ ਵਿੱਚ ਜਬਰਦਸਤੀ ਉਤਾਰਕੇ ਕਾਰ ਅਤੇ ਓਸਦਾ ਮੋਬਾਇਲ ਫੋਨ ਐਪਲ-6 ਖੋਹਕੇ ਲੈ ਗਏ। ਮੁਕੱਦਮਾ ਦਰਜ ਰਜਿਸਟਰ ਕਰਕੇ ਡੁਘਿਆਈ ਨਾਲ

ਤਫਤੀਸ ਕਰਨ ਤੇ ਸਵੀਫਟ ਕਾਰ ਖੋਹਣ ਵਾਲੇ ਉਕਤ 03 ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਪਾਸੋ ਉਕਤ ਬ੍ਰਾਮਦਗੀ ਕੀਤੀ ਗਈ ਅਤੇ ਇਹਨਾ ਦਾ ਗੈਗ ਲੀਡਰ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਖਸੀਸ ਸਿੰਘ ਵਾਸੀ ਨਾਗੋਕੇ ਤਰਨ ਤਾਰਨ ਅਜੇ ਫਰਾਰ ਹੈ ਅਤੇ ਇਹਨਾ ਨੇ ਦੌਰਾਨੇ ਪੁਛਗਿੱਛ ਮੰਨਿਆ ਹੈ ਕਿ **ਮਿਤੀ 29-04-2016 ਨੂੰ ਵੀ ਉਹਨਾ ਨੇ ਗੁਰਪ੍ਰੀਤ ਸਿੰਘ ਉਰਫ ਗੋਪੀ ਨਾਲ ਰਲਕੇ ਮੈਡੀਕਲ ਕਾਲਜ ਦੇ ਸਾਹਮਣੇ ਤੋ ਇੱਕ ਵਰਨਾ ਕਾਰ ਨੰਬਰ**

**ਪੀ.ਬੀ-02-ਸੀ ਡੀ-3312 ਜਿਸਨੂੰ ਇੱਕ ਔਰਤ ਪਾਸੋ ਖੋਹੀ ਸੀ ਅਤੇ ਉਸਦੇ ਕੰਨਾ ਦੇ ਟੌਪਸ ਅਤੇ ਇੱਕ ਵੰਗ ਵੀ ਖੋਹ ਲਈ ਸੀ** ਜਿਸ ਸਬੰਧੀ ਥਾਣਾ ਹਜਾ ਵਿੱਚ **ਮੁਕੱਦਮਾ ਨੰਬਰ 92 ਮਿਤੀ 29-3-16 ਜੁਰਮ 379-ਬ,34 ਭ ਦ 25,27-54-59 ਅਸਲਾ ਐਕਟ ਬਰ ਬਿਆਨ ਸਵੇਤਾ ਪਤਨੀ ਵਿਜੇ ਗੁਪਤਾ ਵਾਸੀ ਵਿਜੇ ਨਗਰ ਬਟਾਲਾ ਰੋਡ ਅਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ ਹੈ** ਇਹਨਾ ਉਕਤ ਦੋਸੀਆ ਦੇ **ਖਿਲਾਫ ਪਹਿਲਾ ਵੀ ਥਾਣਾ ਫੱਤੂਡੀਗਾ ਜਿਲਾ ਕਪੂਰਥਲਾ, ਥਾਣਾ ਬੁੱਲੋਵਾਲ, ਥਾਣਾ ਦਸੂਹਾ,ਥਾਣਾ ਹਰਿਆਣਾ ਜਿਲਾ ਹੁਸਿਆਰਪੁਰ ਅਤੇ ਪੰਜਾਬ ਦੇ ਹੋਰ ਥਾਣਿਆ ਵਿੱਚ ਜਬਰਦਸਤੀ ਗੱਡੀਆ ਅਤੇ ਸੋਨਾ ਜੇਵਰਾਤ ਖੋਹਣ ਦੇ ਕਰੀਬ 10 ਤੋ 15 ਮੁਕੱਦਮੇ ਦਰਜ ਰਜਿਸਟਰ ਹਨ** ਗ੍ਰਿਫਤਾਰ ਦੋਸੀਆ ਪਾਸੋ ਡੂਘਿੰਆਈ ਨਾਲ ਪੁਛਗਿੱਛ ਕੀਤੀ ਜਾ ਰਹੀ ਹੈ ਇਹ ਪਹਿਲਾ ਵੀ ਵੱਖ 2 ਕੇਸਾ ਵਿੱਚ ਜੇਲ ਤੋ ਰਿਹਾਅ ਹੋਕੇ ਆਏ ਹਨ ਤੇ ਜੇਲ ਤੋ ਬਾਹਰ ਆਉਣ ਤੇ ਫਿਰ ਵਾਰਦਾਤਾ ਕਰਨੀਆ ਸੂਰੁ ਕਰ ਦਿੱਤੀਆ ਦੋਸੀਆ ਨੂੰ ਪੇਸ ਅਦਾਲਤ ਕੀਤਾ ਜਾ ਰਿਹਾ ਹੈ ਅਤੇ ਫਰਾਰ ਦੋਸੀ ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਗ੍ਰਿਫਤਾਰ ਕਰਨ ਲਈ ਰੇਡ ਕੀਤੇ ਜਾ ਰਹੇ ਹਨ।